Punjab Government Gazette

Published by Authority

No. 38] CHANDIGARH, FRIDAY, SEPTEMBER 19, 2025 (BHADRA 28, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਆਬਕਾਰੀ ਤੇ ਕਰ ਵਿਭਾਗ

(ਆਬਕਾਰੀ ਤੇ ਕਰ-1 ਸ਼ਾਖਾ)

ਅਧਿਸੂਚਨਾ

ਮਿਤੀ 22 ਨਵੰਬਰ, 2022

ਨੰ:1/49/2021-ਅਕ1(1)/11642.- ਜਿਵੇਂ ਕਿ ਸ਼੍ਰੀ ਮਹੇਸ਼ ਗੁਪਤਾ ਜਦੋਂ ਬਤੌਰ ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ ਵਿਖੇ ਤਾਇਨਾਤ ਸਨ ਤਾਂ ਉਨ੍ਹਾਂ ਨੇ ਆਪਣੇ ਘਰੇਲੂ ਹਾਲਾਤਾਂ ਕਰਕੇ ਸਵੈ-ਇਛੁੱਕ ਰਿਟਾਇਰਮੈਂਟ ਲਈ 03 ਮਹੀਨੇ ਦਾ ਨੋਟਿਸ ਦਿੱਤਾ ਸੀ। ਇਸੇ ਦੌਰਾਨ ਉਸ ਦੀ ਬਦਲੀ ਉਸਦੇ ਘਰੇਲੂ ਜਿਲ੍ਹੇ ਅੰਮ੍ਰਿਤਸਰ ਵਿਖੇ ਬਤੌਰ ਸਹਾਇਕ ਕਮਿਸ਼ਨਰ ਰਾਜ ਕਰ, ਮੋਬਾਇਲ ਵਿੰਗ ਅੰਮ੍ਰਿਤਸਰ ਕਰ ਦਿੱਤੀ ਗਈ। ਅਧਿਕਾਰੀ ਵੱਲੋਂ ਦਿੱਤੇ ਗਏ ਨੋਟਿਸ ਨੂੰ ਵਿਚਾਰਨ ਉਪਰੰਤ ਨੋਟੀਫਿਕੇਸ਼ਨ ਨੰ:01/49/2021/ਅ.ਕ-1(1)/ 1909 ਮਿਤੀ 07.03.2022 ਰਾਹੀਂ ਇਸ ਨੂੰ ਮਿਤੀ 07.03.2022 ਬਾਦ ਦੁਪਹਿਰ ਸਵੈ-ਇਛੁੱਕ ਰਿਟਾਇਰਮੈਂਟ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ।

2. ਜਿਵੇਂ ਕਿ ਅਧਿਕਾਰੀ ਵੱਲੋਂ ਮਿਤੀ 07.03.2022 ਨੂੰ ਹੀ ਕਰ ਕਮਿਸ਼ਨਰ ਪੰਜਾਬ ਨੂੰ ਪੱਤਰ ਭੇਜ ਕੇ ਬੇਨਤੀ ਕੀਤੀ ਗਈ ਸੀ ਉਸ ਦੀ ਬਦਲੀ ਉਸ ਦੇ ਘਰੇਲੂ ਜਿਲ੍ਹੇ ਵਿਖੇ ਹੋ ਗਈ ਹੈ ਅਤੇ ਹੁਣ ਘਰੇਲੂ ਜਿੰਮੇਵਾਰੀਆਂ ਨੂੰ ਵੀ ਚੰਗੀ ਤਰ੍ਹਾਂ ਨਿਭਾਅ ਸਕਦਾ ਹੈ, ਇਸ ਲਈ ਉਸ ਦੀ ਸਵੈ-ਇਛੁੱਕ ਰਿਟਾਇਰਮੈਂਟ ਦੇ ਹੁਕਮ ਵਾਪਸ ਲਏ ਜਾਣ। ਕਰ ਕਮਿਸ਼ਨਰ, ਪੰਜਾਬ ਵੱਲੋਂ ਤਜਵੀਜ ਪ੍ਰਾਪਤ ਹੋਣ ਤੇ ਉਨ੍ਹਾਂ ਨੂੰ ਲਿਖਿਆ ਗਿਆ ਸੀ ਕਿ ਇਹ ਸਪਸ਼ਟ ਕੀਤਾ ਜਾਵੇ ਕਿ ਅਧਿਕਾਰੀ ਸੇਵਾ ਤੋਂ ਰੀਲੀਵ ਹੋ ਚੁੱਕਾ ਹੈ ਜਾਂ ਇਸ ਸਮੇਂ ਆਪਣੀ ਅਸਾਮੀ ਤੇ ਕੰਮ ਕਰ ਰਿਹਾ ਹੈ? ਇਸ ਦੇ ਜਵਾਬ ਵਿੱਚ ਕਰ ਕਮਿਸ਼ਨਰ, ਪੰਜਾਬ ਵੱਲੋਂ ਆਪਣੇ ਪੱਤਰ ਮਿਤੀ: 24.03.2022 ਰਾਹੀਂ ਸਪਸ਼ਟ ਕੀਤਾ ਕਿ ਅਧਿਕਾਰੀ ਮਿਤੀ 15.03.2022 ਤੱਕ ਵੀ ਮੌਜੂਦਾ ਅਸਾਮੀ ਤੇ ਆਮ ਵਾਂਗ ਕੰਮ ਕਰਦਾ ਰਿਹਾ ਹੈ ਅਤੇ ਮਿਤੀ 15.03.2022 ਤੋਂ ਬਾਅਦ ਉਸ ਵੱਲੋਂ ਕੋਈ ਦਫਤਰੀ ਕੰਮ ਨਹੀਂ ਕੀਤਾ ਗਿਆ। ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਰਿਹਾ ਅਤੇ ਅਧਿਕਾਰੀ ਨੂੰ ਨਿੱਜੀ ਪੱਤਰ ਤੇ ਸੁਣਿਆ ਗਿਆ। ਮਿਤੀ:08.09.2022 ਨੂੰ ਨਿੱਜੀ ਸੁਣਵਾਈ ਦੌਰਾਨ ਉਸ ਨੇ ਦੱਸਿਆ ਕਿ ਉਹ ਮਿਤੀ: 07.03.2022 ਤੋਂ ਪਹਿਲਾਂ ਹੀ ਆਪਣਾ ਰਿਟਾਇਰਮੈਂਟ ਦਾ ਨੋਟਿਸ ਵਾਪਸ ਲੈਣ ਲਈ ਪ੍ਰਤੀਬੇਨਤੀ ਭੇਜ ਚੁੱਕਾ ਹੈ ਪ੍ਰੰਤੂ ਉਹ ਮੌਕੇ ਤੇ ਇਸ ਦੀ ਕਾਪੀ ਪੇਸ਼ ਨਹੀਂ ਕਰ ਸਕਿਆ ਅਤੇ ਉਸ ਨੇ ਕਿਹਾ ਕਿ ਉਹ ਸਬੰਧਤ ਪੱਤਰ ਦੀ ਕਾਪੀ ਪੇਸ਼ ਕਰੇਗਾ। ਫਿਰ ਅਧਿਕਾਰੀ ਨੇ ਆਪਣੇ ਪੱਤਰ ਮਿਤੀ:ਨਿੱਲ ਰਾਹੀਂ ਆਪਣੇ ਵੱਲੋਂ ਪਹਿਲਾਂ ਭੇਜੇ ਗਏ ਪੱਤਰ ਨੰਬਰ-268 ਮਿਤੀ: 22.02.2022 ਦੀ ਕਾਪੀ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਸੀ ਕਿ ਉਹ ਇਸ ਪੱਤਰ ਰਾਹੀਂ ਪਹਿਲਾਂ ਹੀ ਬਨੇਤੀ ਕਰ ਚੁੱਕਾ ਸੀ ਇਸ ਲਈ ਉਸ ਦੇ ਕੇਸ ਵਿੱਚ ਹਮਦਰਦੀ ਦਾ ਵਤੀਰਾ ਰੱਖਦੇ ਹੋਏ ਸਵੈ-ਇਛੁੱਕ ਰਿਟਾਇਰਮੈਂਟ ਦੇ ਹੁਕਮ ਵਾਪਸ ਲੈਂਦੇ

ਹੋਏ ਡਿਊਟੀ ਜੁਆਇੰਨ ਕਰਵਾਈ ਜਾਵੇ। ਅਧਿਕਾਰੀ ਵੱਲੋਂ ਆਪਣੇ ਪੱਤਰ ਮਿਤੀ:22.02.2022 ਵਿੱਚ ਲਿਖਿਆ ਗਿਆ ਸੀ ਕਿ ਉਹ ਕਰ ਕਮਿਸ਼ਨਰ, ਪੰਜਾਬ ਨੂੰ ਜੁਬਾਨੀ ਤੌਰ ਤੇ ਬੇਨਤੀ ਕਰਦਾ ਰਿਹਾ ਸੀ ਕਿ ਪਰਿਵਾਰਕ ਮਜ਼ਬੂਰੀਆਂ ਅਤੇ ਬੱਚਿਆਂ ਦੀ ਉਚੇਰੀ ਪੜ੍ਹਾਈ ਕਰਕੇ ਉਸ ਦਾ ਤਬਾਦਲਾ ਅੰਮ੍ਰਿਤਸਰ ਜਾਂ ਉਸ ਦੇ ਨਾਲ ਲੱਗਦੇ ਇਲਾਕੇ ਜਾਂ ਆਡਿਟ ਵਿੰਗ ਵਿੱਚ ਕਰ ਦਿੱਤੀ ਜਾਵੇ।ਉਸ ਨੇ ਆਪਣੀ 27 ਸਾਲ ਦੀ ਸਰਵਿਸ ਦੌਰਾਨ ਤਕਰੀਬਨ 21 ਸਾਲ ਦੀ ਨੌਕਰੀ ਉਸ ਨੇ ਆਪਣੇ ਘਰ ਤੋਂ ਦੂਰ ਹੀ ਕੀਤੀ ਹੈ।ਇਸ ਕਰਕੇ ਹੁਣ ਉਹ ਆਪਣੀ ਸਰਕਾਰੀ, ਘਰੇਲੂ ਅਤੇ ਬੱਚਿਆਂ ਦੀ ਜਿੰਮੇਵਾਰੀ ਵੱਲ ਸਹੀ ਤਰੀਕੇ ਨਾਲ ਪੂਰਾ ਧਿਆਨ ਨਹੀਂ ਦੇ ਪਾ ਰਿਹਾ। ਮਿਤੀ : 05.01.2022 ਦੇ ਸਰਕਾਰ ਦੇ ਹੁਕਮਾਂ ਅਨੁਸਾਰ ਉਸ ਦਾ ਤਬਾਦਲਾ ਵਿੰਗ ਅੰਮ੍ਰਿਤਸਰ ਵਿਖੇ ਕਰ ਦਿੱਤਾ ਗਿਆ ਸੀ।ਹੁਣ ਉਸ ਦੇ ਘਰੇਲੂ ਹਲਾਤ ਠੀਕ ਹਨ ਅਤੇ ਉਹ ਆਪਣੀ ਸਰਕਾਰੀ ਡਿਊਟੀ ਦੇ ਨਾਲ-ਨਾਲ ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਅਤੇ ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਦੇ ਪਾ ਰਿਹਾ ਹੈ। ਇਸ ਲਈ ਉਸ ਵੱਲੋਂ ਸਵੈ-ਇੱਛਕ ਰਿਟਾਇਰਮੈਂਟ ਲੈਣ ਲਈ ਦਿੱਤੇ ਗਏ ਨੋਟਿਸ ਉੱਤੇ ਕਾਰਵਾਈ ਬੰਦ ਕਰ ਦਿੱਤਾ ਜਾਵੇ। ਅਧਿਕਾਰੀ ਨੇ ਲਿਖਿਆ ਹੈ ਕਿ ਉਸ ਨੂੰ ਯਕੀਨ ਸੀ ਕਿ ਉਸ ਦੀ ਪ੍ਰਤੀ ਬੇਨਤੀ ਨੂੰ ਮੰਨਦੇ ਹੋਏ ਉਸ ਦੇ ਨੋਟਿਸ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ,ਪ੍ਰੰਤੂ ਮਿਤੀ: 07.03.2022 ਨੂੰ ਉਸ ਦੇ ਵੱਟਸਐਪ ਉੱਤੇ ਪ੍ਰਾਪਤ ਰਿਟਾਇਰਮੈਂਟ ਦੇ ਹੁਕਮ ਨੂੰ ਵੇਖ ਕੇ ਹੈਰਾਨੀ ਹੋਈ। ਇਸ ਲਈ ਉਸ ਦੀ ਰਿਟਾਇਰਮੈਂਟ ਦੇ ਹੁਕਮ ਵਾਪਿਸ ਲਏ ਜਾਣ।

3. ਜਿਵੇਂ ਕਿ ਅਧਿਕਾਰੀ ਦੇ ਕੇਸ ਨੂੰ ਵਿਚਾਰਨ ਉਪਰੰਤ ਪਾਇਆ ਗਿਆ ਕਿ ਅਧਿਕਾਰੀ ਵੱਲੋਂ ਪੇਸ਼ ਕੀਤੀ ਗਈ ਪ੍ਰਤੀ ਬੇਨਤੀ ਮਿਤੀ: 22.02.2022 ਇਸ ਦਫਤਰ ਵਿੱਚ ਪ੍ਰਾਪਤ ਨਹੀਂ ਹੋਈ। ਜੇਕਰ ਇਹ ਪ੍ਰਤੀਬੇਨਤੀ ਦਫਤਰ ਵਿੱਚ ਪ੍ਰਾਪਤ ਹੋ ਜਾਂਦੀ ਤਾਂ ਉਸ ਨੂੰ ਸਵੈ-ਇਛੁੱਕ ਰਿਟਾਇਰਮੈਂਟ ਨਹੀਂ ਦਿੱਤੀ ਜਾਣੀ ਸੀ। ਇਹ ਵੀ ਪਾਇਆ ਗਿਆ ਕਿ ਇਸ ਅਧਿਕਾਰੀ ਦੀ ਅਸਲ ਰਿਟਾਇਰਮੈਂਟ ਦੀ ਮਿਤੀ : 30.06.2032 ਬਣਦੀ ਹੈ। ਇਸ ਅਧਿਕਾਰੀ ਵਿਰੁੱਧ ਕੋਈ ਸ਼ਿਕਾਇਤ/ਇੰਨਕੁਆਰੀ ਆਦਿ ਪੈਂਡਿਗ ਨਹੀਂ ਹੈ। ਇਸ ਲਈ ਸਮਰੱਥ ਅਥਾਰਟੀ ਵੱਲੋਂ ਫੈਸਲਾ ਲਿਆ ਗਿਆ ਕਿ ਅਧਿਕਾਰੀ ਦੇ ਹਲਾਤਾਂ ਦੇ ਮੱਦੇ ਨਜ਼ਰ ਅਤੇ ਉਸ ਵੱਲੋਂ ਹੁਣ ਪੇਸ਼ ਕੀਤੀ ਗਈ ਪ੍ਰਤੀਬੇਨਤੀ ਨਾਲ ਨੱਥੀ ਪੱਤਰ ਨੰ: 268 ਮਿਤੀ 22.02.2022 ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਦੀ ਸਵੈ-ਇੱਛਕ ਰਿਟਾਇਰਮੈਂਟ ਸਬੰਧੀ ਨੋਟੀਫਿਕੇਸ਼ਨ ਮਿਤੀ: 07.03.2022 ਨੂੰ ਵਾਪਸ ਲੈ ਲਿਆ ਜਾਵੇ ਅਤੇ ਮਿਤੀ 08.03.2022 ਤੋਂ ਲੈ ਕੇ ਸੇਵਾ ਵਿੱਚ ਮੁੜ ਜੁਆਇਨ ਕਰਨ ਤੱਕ ਦੇ ਵਿਚਕਾਰਲੇ ਸਮੇਂ ਨੂੰ ਬਣਦੀ ਛੁੱਟੀ ਵਜੋਂ ਤਸੱਵਰ ਕਰ ਲਿਆ ਜਾਵੇ।

ਇਸ ਲਈ ਸ੍ਰੀ ਮਹੇਸ਼ ਗੁਪਤਾ , ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੀ ਮਿਤੀ : 07.03.2022 ਤੋਂ ਸਵੈ-ਇਛੁੱਕ ਰਿਟਾਇਰਮੈਂਟ ਸਬੰਧੀ ਜਾਰੀ ਨੋਟੀਫਿਕੇਸ਼ਨ ਨੰ:01/49/2021/ਅ.ਕ-1(1)/1909 ਮਿਤੀ 07.03.2022 ਵਾਪਿਸ ਲਈ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਉਹ ਬਤੌਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਕੰਮ ਕਰਦੇ ਰਹਿਣਗੇ ਅਤੇ ਉਸ ਦੇ ਮਿਤੀ 08.03.2022 ਤੋਂ ਸੇਵਾ ਵਿੱਚ ਜੁਆਇਨ ਕਰਨ ਤੱਕ ਦੇ ਵਿਚਕਾਰਲੇ ਸਮੇਂ ਨੂੰ ਬਣਦੀ ਛੁੱਟੀ ਵਜੋਂ ਟਰੀਟ ਕੀਤਾ ਜਾਂਦਾ ਹੈ।

ਸਹੀ/-
ਅਜੋਏ ਸ਼ਰਮਾਂ
ਸਕੱਤਰ (ਕਰ), ਪੰਜਾਬ ਸਰਕਾਰ
ਆਬਕਾਰੀ ਤੇ ਕਰ ਵਿਭਾਗ।

3501/9-2025/Pb. Govt. Press, S.A.S. Nagar